## ਰੋਪੜ

ਇਹ ਗੱਦੀ ਬ੍ਰਹਦ ਤੱਪਾ ਗੱਛ ਨਾਲ ਕਾਫੀ ਸੰਬੰਧਿਤ ਰਹੀ ਹੈ। ਸੰ: 1743 ਤੱਕ ਇਥੇ ਯਤੀ ਪ੍ਰੇਮ ਵਿਜੈ ਵਿਰਾਜਮਾਨ ਸਨ।

## ਮੁਲਤਾਨ

ਮੁਲਤਾਨ ਦੀ ਗੱਦੀ ਵੀ ਖਰਤੱਰ ਗੱਛ ਦੇ ਯਤੀਆਂ ਨਾਲ ਕਾਫੀ ਸੰਬੰਧਿਤ ਰਹੀ ਹੈ। ਅਤੇ ਸੰ: 2000 ਤੱਕ ਇਹ ਕਾਇਮ ਰਹੀ। ਇਸਦੇ ਅੰਤਮ ਯਤੀ ਰਾਏ ਮਲ ਜੀ ਸਨ। ਇਥੇ ਬ੍ਰਹਦ ਤਪਾਗੱਛ ਦੇ ਯਤੀ ਸ੍ਰੀ ਮੁਕਤ ਸੁੰਦਰ ਸੰ: 1743 ਦੇ ਕਰੀਵ ਵਿਰਾਜ-ਮਾਨ ਰਹੇ ਹਨ।

## ਹਨੁਮਾਨਗੜ

ਭਾਵੇਂ ਇਹ ਸ਼ਹਿਰ ਰਾਜਸਥਾਨ ਨਾਲ ਸੰਬੰਧਿਤ ਹੈ ਪਰ ਇਸ ਗੱਦੀ ਦੇ ਯਤੀਆਂ ਦਾ ਘੇਰਾ ਪੰਜਾਬ ਦੇ ਕਈ ਸ਼ਹਿਰ ਸਨ ਇਥੇ ਇਨ੍ਹਾਂ ਗੱਛਾਂ ਵਾਰੇ ਪਤਾ ਚਲਦਾ ਹੈ।

1. ਬ੍ਰਹਦ ਤਪਾਗੱਛ ਦੇ ਅਚਾਰਿਆ ਸ੍ਰੀ ਵਿਜੇ ਪ੍ਰਭਵ ਸੂਰੀ ਨੇ ਯਤੀ ਮੁਕਤਸੁੰਦਰ ਨੂੰ ਮੁਲਤਾਨ, ਸਰਸਾ, ਭਟਨੇਰ ਦੀ ਗੱਦੀ ਦਿੱਤੀ।

2. ਬੜਗੱਛ ਦੀ ਗੱਦੀ ਵੀ ਇਥੇ ਸੀ ਜੋ ਕਿ ਸਮਾਨਾ ਅਤੇ ਸਰਸੇ ਨਾਲ ਵੀ ਸੰਬੰਧਿਤ ਸੀ। ਇਸ ਵਾਰੇ ਪਹਿਲਾਂ ਜਿਕਰ ਆ ਚੁਕਾ ਹੈ। ਸ੍ਰੀ ਭਾਵ ਦੇਵ ਦੇ 28 ਚੇਲੇ ਸਨ। ਉਨ੍ਹਾਂ ਹੋਰ ਗੱਦੀਆਂ ਸਥਾਪਿਤ ਕੀਤੀਆਂ, ਪਰ ਕਿਸੇ ਦਾ ਜਿਕਰ ਨਹੀਂ ਮਿਲਦਾ।

3. ਖਰਤਰ ਗੱਛ ਦੇ ਯਤੀਆਂ ਦਾ ਸੰਬੰਧ ਇਥੇ ਵੀ ਰਿਹਾ ਹੈ ਇਹ ਗੱਛ ਦੇ ਅਧੀਨ ਫਰੀਦਕੋਟ, ਮੁਲਤਾਨ, ਸਿਰਸਾ, ਹਿਸਾਰ ਅਤੇ ਹਾਸੀ ਦੀਆਂ ਗੱਦੀਆਂ ਸਨ। ਮੁਲਤਾਨ ਵਿਖੇ ਯਤੀ ਧਰਮ ਸੁੰਦਰ ਗਣੀ ਨੇ ਇਕ ਗ੍ਰੰਥ ਦੀ ਰਚਨਾ ਕੀਤੀ ਸੀ।

ਉਪਰੋਕਤ ਗੱਲਾਂ ਤੋਂ ਪਤਾ ਚਲਦਾ ਹੈ ਕਿ ਜਦੋਂ ਭਾਰਤ ਉਪਰ ਮੁਗਲਾਂ ਦੇ ਹਮਲੇ ਹੋ ਰਹੇ ਸਨ। ਜੈਨ ਉਪਾਸਕਾਂ ਨੇ ਕਿਸ ਤਰਾਂ ਅਪਣਾ ਧਰਮ ਸੁਰੱਖਿਤ ਰਖਿਆ। ਇਨ੍ਹਾਂ ਯਤੀਆਂ ਦੇ ਰਾਜ ਦਰਵਾਰ ਨਾਲ ਡੂੰਘੇ ਸੰਬੰਧ ਸਨ। ਆਮ ਝੌਪੜੀ ਤੋਂ ਲੈ ਕੇ ਮਹਿਲਾਂ ਦੇ ਰਾਜੇ ਇਨ੍ਹਾਂ ਲਈ ਇਕ ਬਰਾਬਰ ਸਨ। ਭਾਵੇਂ ਯਤੀਆਂ ਕਾਰਣ ਜੈਨ ਧਰਮ ਦਾ ਤਿਆਗ ਸਵਰੂਪ ਕਾਫੀ ਧੁੰਧਲਾ ਪੈ ਗਿਆ, ਜਿਸਨੂੰ ਵਾਦ ਵਿਚ ਕਈ ਸਾਧੂਆਂ ਨੇ ਅਪਣੇ ਆਚਰਣ ਰਾਹੀਂ ਠੀਕ ਕੀਤਾ। ਜਿਨ੍ਹਾਂ ਦਾ ਪਿਛੋਂ ਵਰਨਣ ਕਰ ਦਿਤਾ ਗਿਆ ਹੈ।

★

# ਮਨੋਹਰ ਗੱਛ (ਸਥਾਨਕ ਵਾਸੀ ਦੀ ਪਟਾਵਲੀ)

1. ਸ਼੍ਰੀ ਸੁਧਰਮਾ ਸਵਾਮੀ
2. ਸ਼੍ਰੀ ਜੰਬੂ ਸਵਾਮੀ
3. ਸ਼੍ਰੀ ਪ੍ਰਭਬ ਸਵਾਮੀ
4. ਸ਼੍ਰੀ ਸਯੰਭਵ ਸਵਾਮੀ
5. ਸ਼੍ਰੀ ਯਸ਼ੋਭਦਰ ਜੀ
6. ਸ਼੍ਰੀ ਸਭੂਤੀ ਵਿਜੇ
7. ਸ਼੍ਰੀ ਭੱਦਰ ਵਾਹੂ ਜੀ
8. ਸ਼੍ਰੀ ਸਥੂਲੀ ਭੱਦਰ
9. ਸ਼੍ਰੀ ਮਹਾਗਿਰੀ ਜੀ
10. ਸ਼੍ਰੀ ਸੁਹਸਤੀ ਜੀ
11. ਸ਼੍ਰੀ ਸੁਸਿਥਤ ਸੁਪ੍ਰਤਿ ਬੁੱਧ ਜੀ
12. ਸ਼੍ਰੀ ਇੰਦਰ ਦਿਨ ਜੀ
13. ਸ਼੍ਰੀ ਦਿੱਨ ਜੀ
14. ਸ਼੍ਰੀ ਸਿਹ ਗਿਰੀ ਜੀ
15. ਸ਼੍ਰੀ ਬਜਰ ਸਵਾਮੀ ਜੀ
16. ਸ਼੍ਰੀ ਬਜਰ ਸੇਣ ਜੀ
17. ਸ਼੍ਰੀ ਰੱਥ ਸਵਾਮੀ ਜੀ
18. ਸ਼੍ਰੀ ਪੁਸ਼ਪ ਗਿਰੀ ਜੀ
19. ਸ਼੍ਰੀ ਫਲਗੂ ਮਿਤਰ ਜੀ
20. ਸ਼੍ਰੀ ਧਨ ਰਿਸ਼ੀ ਜੀ
21. ਸ਼੍ਰੀ ਸ਼ਿਵ ਭੂਤੀ ਜੀ
22. ਸ਼੍ਰੀ ਭੱਦਰ ਸਵਾਮੀ ਜੀ
23. ਸ਼੍ਰੀ ਨੱਕਸ਼ਤਰ ਸਵਾਮੀ
24. ਸ਼੍ਰੀ ਰਕਸ਼ ਸਵਾਮੀ
25. ਸ਼੍ਰੀ ਨਾਗੇਂਦਰ ਜੀ
26. ਸ਼੍ਰੀ ਦੁਸ਼ਯ ਗਣੀ ਜੀ
27. ਸ਼੍ਰੀ ਦੇਵਰਧੀ ਗਣੀ ਜੀ
28. ਸ਼੍ਰੀ ਚੰਦਰ ਸਵਾਮੀ
29. ਸ਼੍ਰੀ ਸੱਮਤ ਭੱਦਰ ਜੀ (ਵਿਦਿਆਧਰ)
30. ਸ਼੍ਰੀ ਧਰਮਘੋਸ਼ ਸੂਰੀ ਜੀ
31. ਸ਼੍ਰੀ ਜੈ ਦੇਵ ਜੀ
32. ਸ਼੍ਰੀ ਵਿਕਰਮ ਸੂਰੀ ਜੀ (ਤੱਪਸਵੀ)
33. ਸ਼੍ਰੀ ਦੇਵਾਨੰਦ ਸੂਰੀ ਜੀ (ਧਾਰਾ ਨਗਰੀ ਦੇ ਰਾਜੇ ਦੇ ਗੁਰੂ)
34. ਸ਼੍ਰੀ ਵਿਦਿਆਪ੍ਰਭੂ ਜੀ
35. ਸ਼੍ਰੀ ਨਰਸਿੰਘ ਸੂਰੀ ਜੀ
36. ਸ਼੍ਰੀ ਸਮੁਦਰ ਸੂਰੀ ਜੀ
37. ਸ਼੍ਰੀ ਵਿਵਧ ਪ੍ਰਭੂ ਸੂਰੀ
38. ਸ਼੍ਰੀ ਪਰਮਾਨੰਦ ਜੀ ਸੂਰੀ
39. ਸ਼੍ਰੀ ਜੈ ਨੰਦ ਸੂਰੀ ਜੀ
40. ਸ਼੍ਰੀ ਰਵਿ ਪ੍ਰਭੂ ਸੂਰੀ
41. ਸ਼੍ਰੀ ਉਦਿਤ ਸੂਰੀ (ਸੰ: 1181 ਓਸਵਾਲ ਗੋਤ ਦੇ ਜਨਮ ਦਾਤਾ)
42. ਸ਼੍ਰੀ ਪ੍ਰਭਸੂਰੀ ਜੀ
43. ਸ਼੍ਰੀ ਵਿਮਲ ਚੰਦ ਜੀ
44. ਸ਼੍ਰੀ ਨਾਗਦਤ ਸੂਰੀ (ਸੁਰਾਣਾ ਗੋਤ ਦੇ ਪ੍ਰੇਰਕ ਸਨ) ਆਪਦਾ ਜਨਮ ਸਥਾਨ ਪਾਟਨ ਸੀ ਸੰ: 1278 ਨੂੰ ਆਪ ਵਿਉਪਾਰ ਲਈ ਲਾਹੌਰ ਆਏ। ਵਾਪਸੀ ਤੇ ਨਾਗੋਰ ਵਿਮਲਚੰਦ ਜੀ ਸੂਰੀ ਦੀ ਪ੍ਰੇਰਣਾ ਨਾਲ ਸਾਧੂ ਬਣ ਗਏ (ਸੰ: 1285 ਨੂੰ ਆਪਨੂੰ ਅਚਾਰਿਆ ਪਦਵੀ ਪ੍ਰਾਪਤ ਹੋਈ। ਮਹਾਨ ਤਪਸਵੀ ਸਨ। ਕੁਝ ਲੋਕ ਨਾਗੋਰੀ ਗੱਛ

ਦੀ ਉੱਤਪਤੀ ਆਪਤੋਂ ਮਨਦੇ ਹਨ ਆਪਦਾ ਧਰਮ ਪ੍ਰਚਾਰ ਦਾ ਖੇਤਰ ਸਾਰਾ ਪੰਜਾਬ ਅਤੇ ਉਤਰੀ ਭਾਰਤ ਸੀ।[1]

45. ਅਚਾਰਿਆ ਧਰਮ ਸੂਰੀ ਜੀ
46. ਅਚਾਰਿਆ ਰਤਨ ਸੂਰੀ ਜੀ
47. ਅਚਾਰਿਆ ਦੇਵੇਂਦਰ ਸੂਰੀ ਜੀ
48. ਅਚਾਰਿਆ ਰਤਨ ਪ੍ਰਭ ਸੂਰੀ
49. ਅਚਾਰਿਆ ਅਮਰ ਪ੍ਰਭੂ ਸੂਰੀ ਜੀ
50. ਅਚਾਰਿਆ ਗਿਆਨ ਚੰਦਰ ਜੀ
51. ਅਚਾਰਿਆ ਮੁਨੀ ਸ਼ੇਖਰ ਸੂਰੀ ਜੀ
52. ਅਚਾਰਿਆ ਸਾਗਰਚੰਦ ਸੂਰੀ ਜੀ
53. ਅਚਾਰਿਆ ਮਲੈ ਚੰਦਰ ਸੂਰੀ
54. ਅਚਾਰਿਆ ਵਿਜੈ ਚੰਦਰ ਸੂਰੀ
55. ਅਚਾਰਿਆ ਯਸ਼ਵੰਤ ਸੂਰੀ ਜੀ
56. ਸ਼੍ਰੀ ਕਲਿਆਣ ਸੂਰੀ ਜੀ
57. ਅਚਾਰਿਆ ਸ਼ਿਵ ਚੰਦਰ ਸੂਰੀ ਜੀ
58. ਅਚਾਰਿਆ ਹੀਰਾਗਰ ਜੀ ਆਪ ਦੀ ਭੇਂਟ ਲੋਕਾ ਸਾਹ ਨਾਲ ਹੋਈ ਸੀ। ਆਪਨੇ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਅਪਣੇ ਗੱਛ ਦਾ ਨਾਗੋਰੀ ਗੱਛ ਰਖਿਆ। ਆਪਦਾ ਜਨਮ ਰਾਜਸਥਾਨ ਦੇ ਨਾਲੋਈ ਪਿੰਡ ਪਿਤਾ ਮਾਲੋ ਅਤੇ ਮਾਤਾ ਸ਼੍ਰੀ ਮਾਣਕ ਦੇਵੀ ਦੇ ਘਰ ਹੋਈਆ। ਆਪਨੇ ਅਪਣੇ ਮਿਤਰ ਰੂਪ ਚੰਦ ਨਾਲ ਸਾਧੂ ਜੀਵਨ ਗਹਿਣ ਕੀਤਾ। ਆਪਦੇ ਤਿੰਨ ਚੇਲੇ ਹੋਏ। ਯਤੀ ਪ੍ਰੰਪਰਾ ਵੱਲ ਆਪਦਾ ਕਾਫੀ ਵਿਰੋਧ ਹੋਇਆ। ਆਪਦੇ ਕੁੱਝ ਚੇਲੇ ਧਰਮ ਪ੍ਰਚਾਰ ਕਰਦੇ ਸਿਆਲਕੋਟ ਤੱਕ ਪੁੱਜ ਗਏ। ਆਪਦੇ ਕੁੱਝ ਚੇਲੇ ਪੰਜਾਬ ਵਿਚ ਯਤੀ ਬਣ ਗਏ। ਜਿਨ੍ਹਾਂ ਵਿਚੋਂ ਪ੍ਰਸਿਧ ਵੈਦਿਕ ਗ੍ਰੰਥ ਰਚਿਤਾ ਗੰਗਾ ਰਾਮ ਜੀ ਵਿਚ ਹਨ, ਜਿਨ੍ਹਾਂ ਗੰਗਾ ਯਤਿ ਨਿਧਾਨ ਗ੍ਰੰਥ ਲਿਖਿਆ।
59. ਸ਼੍ਰੀ ਰੂਪ ਚੰਦ ਜੀ—ਆਪਦਾ ਜਨਮ ਸੰ: 1568 ਨੂੰ ਨਾਗੋਰ ਰਾਜ ਸਥਾਨ ਵਿਖੇ ਹੋਈਆ। ਪਿਤਾ ਰੇਣੂ ਸਾਹ ਅਤੇ ਮਾਤਾ ਸਿਵਾ ਦੇਵੀ ਜੀ ਸਨ। ਆਪਨੇ ਸ਼ਿਵ ਚੰਦ ਜੀ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਮੁਨੀ ਧਰਮ ਗ੍ਰਹਿਣ ਕੀਤਾ। ਫਿਰ ਸੰਘ ਨੇ ਆਪਨੂੰ ਅਚਾਰਿਆ ਪਦੱਵੀ ਦਿੱਤੀ। ਆਪ ਸ੍ਰੀ ਹੀਰਾ ਗਰ ਦੇ ਸਾਥੀ ਸਨ।

---

1. ਕਲਪ ਸੂਤਰ ਵਿਚ 25ਵੇਂ ਥਾਂ ਤੇ ਇਸ ਪ੍ਰਕਾਰ ਨਾਂ ਆਉਂਦੇ ਹਨ।
(1) ਸ਼੍ਰੀ ਨਾਗ ਸਵਾਮੀ, (2) ਸ਼੍ਰੀ ਜੇਹੀਲ ਜੀ, (3) ਸ਼੍ਰੀ ਵਿਸ਼ਨੂ ਜੀ, (25) ਸ਼੍ਰੀ ਕਾਲਕ ਸਵਾਮੀ (3) (29) ਸ਼੍ਰੀ ਸੋਧਾਲਿਤ ਭੱਦਰ (30) ਸ਼੍ਰੀ ਭੱਦਰ (ਵਰਿਧ) (31) ਸ਼੍ਰੀ ਸੰਘ ਪਾਲਿਤ (32) ਸ਼੍ਰੀ ਹਸਤੀ (33) ਸ਼੍ਰੀ ਧਰਮ ਜੀ (34) ਸ਼੍ਰੀ ਸਿੰਘ ਜੀ (35) ਸ਼੍ਰੀ ਧਰਮ ਜੀ (36) ਸ਼੍ਰੀ ਸਾਂਡੀਲਆ, (37) ਸ਼੍ਰੀ ਜੰਬੂ ਜੀ, (38) ਸ਼੍ਰੀ ਨੰਦੀ ਜੀ, (39) ਸ਼੍ਰੀ ਦੇਸੀ ਗਣੀ ਸ਼ਮਾਸ਼੍ਰਮਣ, (40) ਸ਼੍ਰੀ ਸਥਿਰ ਗੁਪਤ ਸ਼ਮਾਸ਼੍ਰਮਣ (41) ਕੁਮਾਰ ਧਰਮ ਗਣੀ ਅਤੇ ਸ਼੍ਰੀ ਦੇਵਰਧੀ ਗਣੀ ਸਮਾਸ਼੍ਰਮਣ
(2) ਆਪਦੇ ਤਿਨ ਚੇਲੇ ਸਨ। (1) ਨਾਗਦਤ, (2) ਮਾੜਲਚੰਦ ਅਤੇ ਨੇਮਚੰਦ
(3) ਬਾਕੀ ਅਚਾਰਿਆਂ ਦਾ ਸੰਖੇਪ ਵਰਨਣ ਹੀ ਪ੍ਰਾਪਤ ਹੁੰਦਾ ਹੈ।

60. ਸ੍ਰੀ ਦੀਪਾਗਰ ਜੀ—ਆਪਦਾ ਜਨਮ ਕੋਰਡਾ ਨਿਗਮ (ਰਾਜਸਥਾਨ) ਵਿਖੇ ਖੇਤਸੀ ਅਤੇ ਮਾਤਾ ਧਨਵਤੀ ਦੇ ਘਰ ਹੋਈਆ। ਸ੍ਰੀ ਰੂਘਚੰਦ ਜੀ ਤੋਂ ਦੀਖਿਆ ਲੈ ਕੇ ਆਪਨੇ ਰਾਜਸਥਾਨ ਵਿਚ ਹੀ 3500 ਘਰਾਂ ਨੂੰ ਜੈਨ ਧਰਮ ਵਿਚ ਦੀਖੀਅਤ ਕੀਤਾ, ਧਰਮ ਪ੍ਰਚਾਰ ਕਰਦੇ ਆਪ ਲੁਧਿਆਣਾ ਤੱਕ ਪਹੁੰਚੇ। ਦੇਸ਼ ਭਗਤ ਅਤੇ ਪ੍ਰਸਿੱਧ ਸੇਠ ਭਾਮਾਸ਼ਾਹ ਅਤੇ ਉਸਦਾ ਭਰਾ ਤਾਰਾ ਚੰਦ ਆਪਦੇ ਪ੍ਰਮੁੱਖ ਭਗਤ ਸਨ, ਧਰਮਵਤੀ ਨਾਂ ਦੀ ਇਕ ਧਾਰਮਿਕ ਔਰਤ ਅਪਣੀਆਂ ਤਿੰਨ ਸਹੇਲਿਆਂ ਨਾਲ ਜੈਨ ਸਾਧਵੀ ਬਣੀ। ਜੋ ਆਪਦੇ ਉਪਦੇਸ਼ ਦਾ ਸਿਟਾ ਸੀ। ਇਸ ਸਾਧਵੀ ਦਾ ਧਰਮ ਪ੍ਰਚਾਰ ਲੁਧਿਆਣੇ ਦੇ ਆਸ ਪਾਸ ਦਾ ਖੇਤਰ ਸੀ।

61. ਅਚਾਰਿਆ ਵੈਯਸਾਗਰ ਜੀ—ਆਪਦਾ ਜਨਮ ਸਥਾਨ ਨਾਗੋਰ ਸੀ ਪਿੱਤਾ ਸ੍ਰੀ ਭੱਲ ਰਾਜ ਅਤੇ ਮਾਤਾ ਸ੍ਰੀ ਰਤਨ ਵਤੀ ਸੀ। ਦੀਪਾ ਸਾਗਰ ਜੀ ਪਾਸੋਂ ਆਪ ਸਾਧੂ ਦੀਖਿਆ ਪ੍ਰਾਪਤ ਕੀਤੀ।

62. ਅਚਾਰਿਆ ਵਸਤੂ ਪਾਲ ਜੀ—ਨਾਗਰ ਨਿਵਾਸੀ ਸੇਠ ਮਹਾਰਨ ਅਤੇ ਮਾਤਾ ਹਰਸ਼ ਦੇਵੀ ਦੇ ਆਪ ਤਿਆਗੀ ਸਪੁਤਰ ਸਨ।

63. ਅਚਾਰਿਆ ਕਲਿਆਨ ਦਾਸ ਜੀ—ਰਾਜਲਦੇਸਰ (ਰਾਜਸਥਾਨ) ਦੇ ਸ੍ਰੀ ਸ਼ਿਵਦਾਸ ਅਤੇ ਮਾਤਾ ਕਮਲਾ ਦੇਵੀ ਦੇ ਲਾਡਲੇ ਸਪੁਤਰ ਸਨ। ਆਪਦਾ ਸਵਰਗਵਾਸ ਲਾਹੌਰ ਵਿਖੇ ਹੋਈਆ। ਆਪਦੇ 100 ਚੇਲੇ ਸਨ।

64. ਅਚਾਰਿਆ ਭੈਰਵਦਾਸ ਜੀ—ਨਾਗੌਰ ਨਿਵਾਸੀ ਸੇਠ ਤੇਜ ਸੀ ਅਤੇ ਲਖਮੀ ਦੇਵੀ ਦੇ ਸਪੁਤਰ ਸਨ। ਆਪਦੇ 100 ਚੇਲੇ ਸਨ।

65. ਅਚਾਰਿਆ ਨੇਮੀ ਚੰਦਰ—ਬੀਕਾਨੇਰ ਨਿਵਾਸੀ ਰਾਏਚੰਦ ਅਤੇ ਸਜਨਾ ਦੇਵੀ ਦੇ ਸਪੁਤਰ ਸਨ। ਆਪਦਾ ਸਵਰਗਵਾਸ ਉਦੇਪੁਰ ਵਿਖੇ ਹੋਈਆ।

66. ਆਚਾਰਿਆ ਆਸਕਰਣੀ:—ਸ਼ੇਡਤਾ (ਰਾਜ) ਨਿਵਾਸੀ ਲੰਬਧਾਮਲ ਅਤੇ ਮਾਤਾ ਤਾਰਾਬਾਈ ਦੇ ਸਪੁਤਰ ਸਨ। ਸੰ: 1724 ਦੇ ਫਲਗੁਣ ਵਿਚ ਆਪਦਾ ਸਵਰਗ-ਵਾਸ ਹੋਈਆ।

67. ਅਚਾਰਿਆ ਵਰਧਮਾਨ ਜੀ—ਜਾਖਸਰ (ਰਾਜਸਥਾਨ) ਨਿਵਾਸੀ ਸੂਰਮਲ ਅਤੇ ਮਾਤਾ ਨਾਡਮਦੇਵੀ ਦੇ ਸਪੁਤਰ ਸਨ।

68. ਅਚਾਰਿਆ ਸਦਾਰੰਗ ਜੀ—ਨਾਗੌਰ ਨਿਵਾਸੀ ਸੇਠ ਭਾਗ ਚੰਦ ਅਤੇ ਮਾਤਾ ਯਸ਼ੋਦਾ ਦੇਵੀ ਦੇ ਘਰ ਅਪਣਾ ਜਨਮ ਸੰ. 1705 ਨੂੰ ਹੋਈਆ। 9 ਸਾਲ ਦੀ ਉਮਰ ਵਿਚ ਜੈਨ ਸਾਧੂ ਬਣੇ। 29 ਸਾਲ ਦੀ ਉਮਰ ਦੇ ਵਿਚ ਅਚਾਰਿਆ ਬਣੇ। ਇਸ ਸਮੇਂ

ਹਿਸਾਰ ਨਿਵਾਸੀ ਨੇ 4000 ਚਾਂਦੀ ਦੇ ਸਿੱਕੇ ਦਾਨ ਕੀਤੇ। ਮੁਗਲ ਬਾਦਸ਼ਾਹ ਆਲਮਗੀਰ ਅਤੇ ਬੀਕਾਨੇਰ ਦੇ ਰਾਜੇ ਅਨੂਪ ਸਿੰਘ ਆਪਦੇ ਧਰਮ ਉਪਦੇਸ਼ ਤੋਂ ਪ੍ਰਭਾਵਿਤ ਸਨ। ਆਪਦੇ 24 ਚੇਲੇ ਸਨ। ਸਭ ਸਾਧੂਆਂ ਦਾ ਪ੍ਰਚਾਰ ਖੇਤਰ ਪੰਜਾਬ ਅਤੇ ਜੰਮੂ ਕਸ਼ਮੀਰ ਸੀ।

69. ਅਚਾਰਿਆ ਮਨੋਹਰ ਦਾਸ ਜੀ—ਆਪ ਨਾਗੋਰ ਨਿਵਾਸੀ ਸਨ। ਆਪਦਾ ਜਨਮ ਸੰ, 1680 ਦੀ ਕਰੀਵ ਹੋਈਆ। ਸੰਸਾਰਿਕ ਸੁਖਾਂ ਨੂੰ ਛੱਡ ਕੇ 1699 ਵਿੱਚ ਆਪ ਸਾਧੂ ਬਣੇ। ਆਪ ਮਹਾਨ ਤੱਪਸਵੀ ਸਨ। ਆਪ ਲਵਜੀ ਰਿਸ਼ੀ ਦੇ ਸਮੇਂ ਹੋਏ ਸਨ। ਆਪਨੇ ਅਪਣਾ ਧਰਮ ਪ੍ਰਚਾਰ ਖੇਤਰ ਸਾਰਾ ਭਾਰਤ ਵਰਸ਼ ਰਖਿਆ। ਪੰਜਾਬ ਨਾਲ ਆਪਦਾ ਵਿਸ਼ੇਸ ਸੰਬੰਧ ਸੀ। ਆਪਦੇ ਨਾਂ ਤੇ ਹੀ ਮਨੋਹਰ ਗੱਛ ਦੀ ਉਤੱਪਤੀ ਹੋਈ। ਆਪ ਮਹਾਂਨ ਲੇਖਕ ਸਨ, ਆਪ ਕਈ ਭਾਸ਼ਾਵਾਂ ਦੇ ਵਿਦਵਾਨ ਸਨ। ਸੰ: 1774 ਵਿਚ ਆਪਦਾ ਸਵਰਗਵਾਸ ਹੋ ਗਿਆ। ਆਪਦੇ 45 ਚੇਲੇ ਸਨ।

70. ਅਚਾਰਿਆ ਸ੍ਰੀ ਭਾਗਚੰਦ ਜੀ—ਆਪ ਬੀਕਾਨੇਰ ਨਿਵਾਸੀ ਸਨ। ਆਪਦੀ ਸ਼ਿਸ਼ ਪ੍ਰੰਪਰਾ ਬਹੁਤ ਲੰਬੀ ਹੈ। ਆਪ ਯਮੁਨਾ ਪਾਰ ਪੰਜਾਬ ਦੇ ਖੇਤਰਾਂ ਵਿਚ ਅਪਣੇ ਕਈ ਸਾਧੂ ਧਰਮ ਪ੍ਰਚਾਰਾਹਿਤ ਭੇਜੇ।

71. ਅਚਾਰਿਆ ਸੀਤਾ ਰਾਮ ਜੀ—ਆਪਦਾ ਜਨਮ ਨਾਰਨੌਲ ਵਿਖੇ ਹੋਈਆ। ਆਪ ਵਾਰੇ ਖਾਸ ਜਾਣਕਾਰੀ ਨਹੀਂ ਮਿਲਦੀ। ਪਰ ਆਪ ਭਾਗਚੰਦ ਜੀ ਦੇ ਵਿਦਵਾਨ ਚੇਲੇ ਸਨ।

72. ਅਚਾਰਿਆ ਸ੍ਰੀ ਸ਼ਿਵਰਾਮ ਦਾਸ—ਦਿੱਲੀ ਵਿਖੇ ਸੰ: 1763 ਨੂੰ ਆਪਦਾ ਜਨਮ ਹੋਈਆ। ਇਹ ਜਮਾਨਾ ਨਾਦਰ ਸ਼ਾਹ ਦਾ ਸੀ। ਆਪਦੀ ਦੀਖਿਆ ਲੜਾਈ ਦੇ ਸਮੇਂ ਹੋਈ। ਆਪਦੀ ਸ਼ਿਸ ਪ੍ਰੰਪਰਾ ਵੀ ਵਿਸਾਲ ਹੈ।

73. ਅਚਾਰਿਆ ਸ੍ਰੀ ਹਰਜੀਮੱਲ ਜੀ—ਆਪ ਮਲਕਪੁਰ (U.P.) ਦੇ ਚੌਧਰੀ ਸਹਿਜਰਾਮ ਅਤੇ ਭਾਗਵਤੀ ਦੇ ਸਪੁੱਤਰ ਸਨ। ਆਪਦੇ ਪਰਿਵਾਰ ਦੇ ਕਈ ਲੋਕਾਂ ਨੇ ਸਾਧੂ ਜੀਵਨ ਗ੍ਰਹਿਣ ਕੀਤਾ। ਆਪਨੇ ਪੰਜਾਬ ਦੇ ਅਨੇਕਾਂ ਹਿਸੇਆਂ ਵਿਚ ਖੁਦ ਧਰਮ ਪ੍ਰਚਾਰ ਕਰਕੇ ਨਵੇਂ ਧਰਮ ਕੇਂਦਰ ਸਥਾਪਿਤ ਕੀਤੇ। ਆਪਨੇ ਪੰਜਾਬ ਦੇ ਪ੍ਰਮੁੱਖ ਸ਼ਹਿਰ ਵਿਚ ਕਾਫੀ ਸਮਾਂ ਗੁਜਾਰਿਆ।

74. ਸ੍ਰੀ ਰਤਨ ਚੰਦ ਜੀ—ਆਪਦਾ ਜਨਮ 1850 ਭਾਦੋਂ 14 ਨੂੰ ਸੇਖਵਾਟੀ (ਰਾਜਸਥਾਨ) ਦੇ ਤਾਤੀਜਾ ਪਿੰਡ ਵਿੱਚ ਹੋਈਆ। ਪਿਤਾ ਗੰਗਾਰਾਮ ਅਤੇ ਮਾਤਾ ਸਰੂਪਾ ਦੇਵੀ ਜੀ ਸਨ 9 ਸਾਲ ਦੀ ਉਮਰ ਵਿਚ ਆਪ ਸਾਧੂ ਬਣੇ। ਆਪਨੇ ਅਮਿਰਤਸਰ

ਤੋਂ ਲੈਕੇ ਉਤਰਪ੍ਰਦੇਸ਼ ਦੇ ਲਖਨਉ ਉਜੈਨ (M. P.) ਤੋਂ ਰਾਜਸਥਾਨ ਦੇ ਜੈਸਲ-ਮੇਰ ਤਕ ਘੁਮਕੇ ਧਰਮ ਪ੍ਰਚਾਰ ਕੀਤਾ। ਆਪਦਾ ਸਵਰਗਵਾਸ ਸੰ: 1920 ਨੂੰ ਲੋਹਾ ਮੰਡੀ ਆਗਰੇ ਵਿਖੇ ਹੋਈਆ। ਆਪਨੇ 45 ਦੇ ਕਰੀਬ ਗ੍ਰੰਥ ਲਿਖੇ। ਆਗਰੇ ਵਿਖੇ ਆਪਦੀ ਯਾਦਗਾਰ ਵਿਚ ਇਕ ਕਾਲੇਜ, ਹਸਪਤਾਲ ਅਤੇ ਸੜਕ ਦਾ ਨਾਂ ਵੀ ਚਲ ਰਿਹਾ ਹੈ।

**75.** ਪੂਜ ਕੰਵਰ ਸੇਨ ਜੀ—ਆਪ ਵਾਰੇ ਬਹੁਤ ਘੱਟ ਜਾਣਕਾਰੀ ਪ੍ਰਾਪਤ ਹੈ। ਸੰ: 1872 ਨੂੰ ਆਪ ਪਿੰਡ ਲੁਹਾਰੂ ਸਰਾਏ (ਉੱਤਰਪ੍ਰਦੇਸ਼ ਵਿਚ ਆਪ ਸ੍ਰੀ ਰਤਨ ਮੁਨੀ ਨੂੰ ਮਿਲੇ ਸੰ:1875 ਵਿਚ ਮਾਲੇਰ ਕੋਟਲਾ ਵਿਖੇ ਵੀ ਆਪ ਵੈਰਾਗੀ ਸਨ ਆਪਨੇ ਕਈ ਗ੍ਰੰਥ ਲਿਖੇ। ਸੰ: 1938 ਵਿਚ ਆਪਦਾ ਸਵਰਗਵਾਸ ਹੋ ਗਿਆ। ਆਪਦੇ ਅਨੇਕਾਂ ਚੇਲੇ ਸਨ।

**76.** ਸ੍ਰੀ ਰਿਸ਼ੀ ਰਾਜ ਜੀ—ਉੱਤਰ ਪ੍ਰਦੇਸ਼ ਦੇ ਸੋਰਾਈ ਨਿਵਾਸੀ ਧਨਪਤ ਸਿੰਘ ਅਤੇ ਅਯੋਧਿਆ ਦੇਵੀ ਦੇ ਆਪ ਸਪੁਤਰ ਸਨ। ਬਚਪਨ ਵਿਚ ਆਪਦਾ ਨਾਂ ਲੇਖਰਾਜ ਸੀ। 15-16 ਸਾਲ ਦੀ ਉਮਰ ਵਿਚ ਆਪ ਪੂਜ ਕੰਵਰ ਸੈਨ ਦੇ ਪਾਸ ਸਾਧੂ ਬਣੇ। ਆਪਨੇ ਭਾਰਤੀ ਦਰਸ਼ਨਾਂ ਅਤੇ ਅਨੇਕਾਂ ਭਾਸ਼ਾਵਾਂ ਦੇ ਸ਼ਾਸਤਰਾਂ ਦਾ ਡੂੰਗਾ ਅਧਿਐਨ ਕੀਤਾ। ਅਨੇਕਾਂ ਮੁਨੀਰਾਜਾਂ ਨੂ ਸ਼ਾਸਤਰ ਲਿਖ ਕੇ ਭੇਂਟ ਕੀਤੇ। ਕਈ ਨਵੇਂ ਗ੍ਰੰਥ ਵੀ ਵਿਖੇ। ਆਪਦਾ ਪ੍ਰਚਾਰ ਖੇਤਰ ਦਿਲੀ, ਜਮੁਨਾਨਗਰ, ਹਰਿਆਣਾ ਤੇ ਪੰਜਾਬ ਸੀ। ਸੰ: 1968 ਵਿਚ ਆਪਦਾ ਸਵਰਗਵਾਸ ਹੋ ਗਿਆ।

**77.** ਗਣੀ ਸਿਆਮ ਲਾਲ ਜੀ—ਆਪਦਾ ਜਨਮ ਸੰ: 1947 ਨੂੰ ਜੇਠ 11 ਨੂੰ ਸੋਹਵੀ ਦੇ ਚੌਧਰੀ ਟੋਡਰਮਲ ਅਤੇ ਰਾਮਪਿਆਰੀ ਮਾਤਾ ਦੇ ਘਰ ਹੋਈਆ। ਆਪਨੇ ਜੈਨ ਸ਼ਾਸਤਰਾਂ ਤੋਂ ਛੁੱਟ ਭਾਰਤੀ ਦਰਸ਼ਨਾਂ ਅਤੇ ਕਈ ਭਾਸ਼ਾਵਾ ਦਾ ਅਧਿਐਨ ਕੀਤਾ। ਅਨੇਕਾਂ ਗ੍ਰੰਥਾਂ ਲਿਖਕੇ ਧਰਮ ਪ੍ਰਚਾਰ ਕੀਤਾ। ਆਪਨੇ ਸਮਾਜਿਕਾਂ ਬੁਰਾਇਆ ਵਿਚ ਸਮਾਜ ਨੂੰ ਤਿਆਰ ਕੀਤਾ। ਆਪਦਾ ਵਿਸ਼ਾਲ ਪਰਿਵਾਰ ਹੈ। ਜਿਨ੍ਹਾਂ ਵਿਚੋਂ ਕੁਝ ਦਾ ਵਰਨਣ ਆਧੁਨਿਕ ਕਾਲ ਵਿਚ ਆਵੇਗਾ। ਆਪਦਾ ਪ੍ਰਚਾਰ ਖੇਤਰ ਸਮੁੱਚਾ ਉਤਰਭਾਰਤ ਹੈ।

★

# ਪੰਜਾਬ ਵਿਚ ਸ਼ਵੇਤਾਂਬਰ ਜੈਨ ਤੇਰਾਪੰਥ

★

ਜੈਨ ਧਰਮ ਦੇ ਚਾਰ ਪ੍ਰਮੁਖ ਫਿਰਕਿਆਂ ਵਿਚੋਂ ਤੇਰਾਪੰਥ ਫ਼ਿਰਕਾ ਸਭ ਤੋਂ ਨਵਾਂ ਹੈ। ਇਸ ਫ਼ਿਰਕੇ ਦੇ ਸੰਸਥਾਪਕ ਅਚਾਰੀਆ ਭੀਸ਼ਨ ਜੀ ਸਨ ਜੋ ਅਚਾਰੀਆ ਰਘੁਨਾਥ ਦੇ ਪ੍ਰਮੁਖ ਚੇਲੇ ਸਨ।

ਅਚਾਰੀਆ ਭੀਖਣ ਦਾ ਜਨਮ ਸੰ: 1783 ਨੂੰ ਹੋਇਆ। 1808-1815 ਤਕ ਆਪ ਸਥਾਨਕਵਾਸੀ ਅਚਾਰੀਆ ਸ੍ਰੀ ਰਘੁਨਾਥ ਪਾਸੋਂ ਜੈਨ ਧਰਮ ਦੀ ਸਿਖਿਆ ਗ੍ਰਹਿਣ ਕਰਦੇ ਰਹੇ। ਆਪ ਦਾ ਜਨਮ ਸਥਾਨ ਰਾਜਸਥਾਨ ਦਾ ਕਟਾਂਲੀਆ ਪਿੰਡ ਹੈ। ਸੰਮਤ 1815 ਨੂੰ ਆਪ ਨੇ ਤੇਰਾਪੰਥ ਫ਼ਿਰਕੇ ਦੀ ਸਥਾਪਨਾ ਕੀਤੀ। ਉਸ ਸਮੇਂ ਆਪ ਦੀ ਵਿਚਾਰਧਾਰਾ ਤੋਂ 13 ਸਾਧੂ ਅਤੇ 13 ਉਪਾਸਕ ਪ੍ਰਭਾਵਿਤ ਹੋਏ। ਇਸੇ ਕਾਰਣ ਇਸ ਫ਼ਿਰਕੇ ਨੂੰ ਤੇਰਾਪੰਥ ਆਖਿਆ ਜਾਂਦਾ ਹੈ। ਅਚਾਰੀਆ ਭੀਖਨ ਨੇ ਆਪਣੇ ਸਾਧੂਆਂ ਲਈ ਕੁਝ ਮਰਿਆਦਾਵਾਂ ਨਿਸ਼ਚਿਤ ਕੀਤੀਆਂ। ਜੋ ਮਰਿਆਦਾਵਾਂ ਮਹੋਤਸਵ ਤੇ ਪੜ੍ਹੀਆਂ ਜਾਂਦੀਆਂ ਹਨ। ਇਸ ਅਧੀਨ ਸਾਰੇ ਤੇਰਾਪੰਥੀ ਸਾਧੂ ਸਾਧਵੀ ਇਕ ਅਚਾਰੀਆ ਦੇ ਚੇਲੇ ਅਖਵਾਉਂਦੇ ਹਨ। ਸਾਰੇ ਗ੍ਰੰਥਾ ਦਾ ਅਲਗ ਧਰਮ ਸੰਘ ਹੈ। ਅਚਾਰੀਆ ਦੇ ਹੁਕਮ ਨਾਲ ਸਾਰੇ ਧਰਮ ਸੰਘ ਦਾ ਕੰਮ ਕਾਜ ਚਲਦਾ ਹੈ। ਸ਼ਵੇਤਾਂਬਰ ਜੈਨ ਤੇਰਾਪੰਥ ਦਾ ਇਕ ਅਚਾਰੀਆ ਹੁੰਦਾ ਹੈ ਅਤੇ ਉਹ ਧਰਮ ਹੁਕਮਾਂ ਦੀ ਪਾਲਨਾ ਕਰਾਉਣ ਵਿਚ ਆਖਰੀ ਅਥਾਰਟੀ ਹੈ। ਅਚਾਰੀਆ ਭੀਖਣ ਨੇ ਬਹੁਤ ਸਾਰੇ ਗ੍ਰੰਥਾ ਦੀ ਰਚਨਾ ਕੀਤੀ। ਜਿਨ੍ਹਾਂ ਦੀ ਭਾਸ਼ਾ ਰਾਜਸਥਾਨੀ ਸੀ। ਆਪ ਦਾ ਸਵਰਗਵਾਸ ਭਾਦੋਂ ਸ਼ੁਕਲਾ 13 ਸੰ: 1860 ਨੂੰ ਹੋਇਆ। ਆਪ ਦਾ ਪ੍ਰਚਾਰ ਖੇਤਰ ਰਾਜਸਥਾਨ ਦੇ ਭਿੰਨ-ਭਿੰਨ ਪਿੰਡ ਸਨ।

ਆਪ ਤੋਂ ਬਾਅਦ ਅਚਾਰਿਆ ਭਾਰ ਮਲ ਸੰ. 1804 ਵਿਖੇ ਮੂਹਾ (ਉਦੈ ਪੁਰ) ਵਿਖੇ ਹੋਏ। ਸੰ. 1832 ਮਾਘ ਕ੍ਰਿਸ਼ਨਾ 7 ਨੂੰ ਆਪ ਨੂੰ ਅਚਾਰਿਆ ਭੀਖਣ ਨੇ ਅਪਣਾ ਉਤਰਾਧਿਕਾਰੀ ਬਣਾਇਆ। ਆਪ ਦੇ ਭਗਤਾਂ ਵਿਚ ਉਦੈ ਪੁਰ ਦੇ ਮਹਾਰਾਨੀ ਦਾ ਨਾਂ ਪ੍ਰਸਿਧ ਹੈ। ਆਪ ਸੰ. 1860 ਭਾਦੋਂ ਸ਼ੁਕਲਾ 13 ਨੂੰ ਅਚਾਰਿਆ ਬਣੇ। ਸੰ. 1878 ਮਾਘ ਕ੍ਰਿਸ਼ਨਾ 8 ਨੂੰ ਆਪ 75 ਸਾਲ ਦੀ ਉਮਰ ਵਿਚ ਰਾਜ ਨਗਰ ਵਿਚ ਸਵਰਗਵਾਸ ਹੋਏ।

ਅਚਾਰਿਆ ਝਾਰ ਮਲ ਤੋਂ ਬਾਅਦ ਅਚਾਰਿਆ ਰਾਏ ਚੰਦ ਬਣੇ। ਆਪ ਦਾ ਜਨਮ ਸੰ. 1847 ਹੈ। ਜਨਮ ਬੜੀ ਰਾਬਲੀਆ ਹੈ। ਆਪ ਨੂੰ ਸੰ. 1878 ਮਾਘ ਕ੍ਰਿਸ਼ਨਾ 9 ਨੂੰ ਅਚਾਰਿਆ ਪਦਵੀ ਮਿਲੀ। ਆਪ ਦਾ ਸਵਰਗਵਾਸ ਸੰ. 1908 ਮਾਘ ਕ੍ਰਿਸ਼ਨਾ 14 ਨੂੰ ਹੋਇਆ। ਆਪ ਨੇ ਰਾਜਸਥਾਨ ਤੋਂ ਛੁਟ ਗੁਜਰਾਤ, ਮਾਲਵਾ, ਸੌਰਾਸ਼ਟਰ ਅਤੇ ਕੱਛ ਵਿਚ ਜੈਨ ਧਰਮ ਦਾ ਪ੍ਰਚਾਰ ਕੀਤਾ।

ਅਚਾਰਿਆ ਰਾਏ ਚੰਦ ਤੋਂ ਬਾਅਦ ਜੈ ਅਚਾਰਿਆ ਹੋਏ। ਜੋ ਕਿ ਰਾਜਸਥਾਨੀ ਭਾਸ਼ਾ ਵਿਚ ਜੈਨ ਸ਼ਾਸਤਰਾਂ ਦੇ ਸਭ ਤੋਂ ਬੜੇ ਟੀਕਾਕਾਰ ਸਨ। ਆਪ ਨੇ ਦਿੱਲੀ ਤਕ ਧਰਮ-ਪ੍ਰਚਾਰ ਕੀਤਾ। ਆਪ ਦਾ ਜਨਮ ਸੰ. 1860 ਸਾਵਨ ਸ਼ੁਕਲਾ 14 ਹੈ। ਸੰ. 1908 ਮਾਘ ਪੂਰਨਿਮਾ ਨੂੰ ਆਪ ਅਚਾਰਿਆ ਬਣੇ। ਆਪ ਦਾ ਜਨਮ-ਸਥਾਨ ਰੋਯਟ ਅਤੇ ਆਪਦਾ ਸਵਰਗਵਾਸ ਸੰ. 1938 ਭਾਦੋਂ ਕ੍ਰਿਸ਼ਨਾ 12 ਨੂੰ ਜੈ ਪੁਰ ਵਿਖੇ ਹੋਏ। ਆਪ ਨੇ ਤੇਰਾਪੰਥ ਸੰਘ ਵਿਚ ਕਈ ਨਵੀਆਂ ਸਾਧੂ ਮਰਿਆਦਾ ਜੋੜੀਆਂ। ਆਪ ਦਾ ਪ੍ਰਚਾਰ ਖੇਤਰ ਰਾਜਸਥਾਨ ਮਾਲਵ, ਗੁਜਰਾਤ, ਸੌਰਾਸ਼ਟਰ, ਕੱਛ, ਹਰਿਆਣਾ ਅਤੇ ਦਿੱਲੀ ਸੀ।

ਜੈ ਅਚਾਰਿਆ ਤੋਂ ਬਾਅਦ ਅਚਾਰਿਆ ਮਘਵਾਗਣੀ ਨੇ ਤੇਰਾ ਪੰਥ ਜੈਨ ਸੰਘ ਦੀ ਬਾਗਡੋਰ ਸੰਭਾਲੀ। ਆਪ ਦਾ ਜਨਮ ਸਥਾਨ ਵੀਦਾਸ਼ਰ ਵਿਖੇ ਸੰ. 1897 ਚੇਤਰ ਸ਼ੁਕਲਾ 11 ਨੂੰ ਹੋਇਆ। ਸੰ. 1938 ਭਾਦੋਂ ਸ਼ੁਕਲਾ 2 ਨੂੰ ਆਪ ਅਚਾਰਿਆ ਬਣੇ। ਸੰ. 1949 ਚੇਤਰ ਕ੍ਰਿਸ਼ਨਾ 5 ਨੂੰ ਆਪ ਦਾ ਸਵਰਗਵਾਸ ਸਰਦਾਰ ਸ਼ਹਿਰ ਵਿਖੇ ਹੋ ਗਿਆ।

ਮਘਵਾਗਣੀ ਤੋਂ ਬਾਅਦ ਅਚਾਰਿਆ ਮਾਣਕ ਗਣੀ ਨੇ ਸ਼ਵੇਤਾਂਵਰ ਜੈਨ ਤੇਰਾਪੰਥ ਨੂੰ ਸੰਭਾਲਿਆ। ਆਪ ਦਾ ਜਨਮ ਸੰ. 1912 ਭਾਦੋਂ ਕ੍ਰਿਸ਼ਨਾ 4 ਹੈ। ਸੰ. 1949 ਚੇਤ ਕ੍ਰਿਸ਼ਨਾ 8 ਨੂੰ ਆਪ ਅਚਾਰਿਆ ਬਣੇ। ਆਪ ਦੀ ਜਨਮ ਭੂਮੀ ਜੈ ਪੁਰ ਹੈ। ਸੰ. 1954 ਨੂੰ ਕੱਤਕ ਕ੍ਰਿਸ਼ਨਾ 3 ਨੂੰ ਆਪਦਾ ਸਵਰਗਵਾਸ ਸੁਜਾਨ ਗੜ੍ਹ ਵਿਖੇ ਹੋਇਆ। ਆਪ ਨੇ ਰਾਜਸਥਾਨ ਤੋਂ ਛੁਟ ਹਰਿਆਣੇ ਨੂੰ ਅਪਣਾ ਪ੍ਰਚਾਰ ਕੇਂਦਰ ਬਣਾਇਆ। ਸੰ. 1950 ਦਾ ਮਰਿਆਦਾ ਮਹੋਤਸਵ ਹਾਂਸੀ ਵਿਖੇ ਮਨਾਇਆ ਗਿਆ ਸੀ, ਜਿਸ ਤੋਂ ਆਪ ਦੇ ਹਰਿਆਣਾ ਵਿਖੇ ਪ੍ਰਭਾਵ ਦਾ ਪਤਾ ਚਲਦਾ ਹੈ।

ਮਘਵਾਗਣੀ ਤੋਂ ਬਾਅਦ, ਅਚਾਰਿਆ ਡਾਲਗਣੀ ਆਏ। ਆਪ ਦਾ ਜਨਮ ਸੰ. 1909 ਹਾੜ ਸ਼ੁਕਲਾ 4 ਨੂੰ ਉਜੈਨੀ ਵਿਖੇ ਹੋਇਆ। ਸੰ. 1954 ਪੋਹ ਕ੍ਰਿਸ਼ਨਾ 3 ਨੂੰ ਆਪ ਅਚਾਰਿਆ ਬਣੇ। ਆਪਦਾ ਸਵਰਗਵਾਸ ਸੰ. 1966 ਭਾਦੋਂ ਸ਼ੁਕਲਾ 12 ਨੂੰ ਲਾਡਨੂੰ ਵਿਖੇ ਹੋਇਆ। ਆਪ ਦਾ ਪ੍ਰਚਾਰ ਖੇਤਰ ਮਾਲਵ, ਗੁਜਰਾਤ, ਸੌਰਾਸ਼ਟਰ ਅਤੇ ਕੱਛ ਰਿਹਾ।

ਅਚਾਰਿਆ ਕਾਲੂ ਗਣੀ 9ਵੇਂ ਅਚਾਰਿਆ ਸਨ। ਆਪ ਦਾ ਜਨਮ ਸੰ. 1933

ਫਗਣ ਸ਼ੁਕਲਾ 2 ਨੂੰ ਛਾਪਰ ਵਿਖੇ ਹੋਇਆ। ਸੰ. 1966 ਭਾਦੋਂ ਪੂਰਨਿਮਾ ਨੂੰ ਆਪ ਅਚਾਰਿਆ ਬਣੇ। ਆਪ ਦੇ ਸਮੇਂ ਵਿਚ ਤੇਰਾਪੰਥ ਸਾਧੂਆਂ ਨੇ ਧਰਮ ਪ੍ਰਚਾਰ ਲਈ ਦੂਰ ਦੂਰ ਯਾਤਰਾ ਕੀਤੀਆਂ। ਆਪ ਦੇ ਬਹੁਤ ਸਾਰੇ ਵਿਦੇਸ਼ੀ ਭਗਤ ਸਨ। ਜਿਨ੍ਹਾਂ ਵਿਚੋਂ ਡਾ. ਹਰਮਨ ਜੈਕੋਬੀ (ਜਰਮਨੀ, ਏਸੀ ਟੋਰੀ (ਇਟਲੀ) ਡਾ. ਗਿਲਕੀ (ਅਮਰੀਕਾ) ਦੇ ਨਾਂ ਪ੍ਰਸਿਧ ਹਨ। ਆਪ ਦੇ ਸਮੇਂ ਤੇਰਾਪੰਥ ਸਾਧੂ, ਸਾਧਵੀਆਂ ਨੇ ਸੰਸਕ੍ਰਿਤ ਪੜ੍ਹਨੀ ਸ਼ੁਰੂ ਕੀਤੀ। ਭਾਵੇਂ ਤੇਰਾ ਪੰਥ ਪ੍ਰੰਪਰਾ ਵਿਚ ਸੰਸਕ੍ਰਿਤ ਜੈ ਅਚਾਰਿਆ ਦੇ ਸਮੇਂ ਤੋਂ ਸ਼ੁਰੂ ਹੋ ਗਈ ਸੀ। ਅਚਾਰਿਆ ਡਾਲਗਣੀ ਨੇ ਪੰ. ਘਣਸ਼ਿਆਮ ਦਾਸ ਪਾਸੋਂ ਵਿਆਕਰਣ ਸਿਖਿਆ। ਸੰ. 1974 ਵਿਚ ਅਚਾਰਿਆ ਕਾਲੂਗਣੀ ਚੁਰੂ ਆਏ। ਉਨ੍ਹਾਂ ਦੀ ਮੁਲਾਕਾਤ ਪੰ. ਰਘੁਨੰਦਨ ਜੀ ਨਾਲ ਹੋਈ। ਆਪ ਮਹਾਨ ਵੈਦ ਅਤੇ ਸੰਸਕ੍ਰਿਤ ਦੇ ਮਹਾਨ ਵਿਦਵਾਨ ਸਨ। ਆਪ ਦੇ ਸਮੇਂ ਭਿਕਸ਼ੂ ਸ਼ਬਦਾਂ ਨੂੰ ਸ਼ਾਸਨ ਨ ਦੇ ਸੰਸਕ੍ਰਿਤ ਗਰੰਥ ਦੀ ਰਚਨਾ ਹੋਈ। ਉਸ ਸਮੇਂ ਪੰਡਤ ਜੀ ਤੋਂ ਅਨੇਕਾਂ ਤੇਰਾ ਪੰਥ ਸਾਧੂ, ਸਾਧਵੀ ਨੇ ਸੰਸਕ੍ਰਿਤ ਸਿਖੀ। ਜਿਸ ਦਾ ਸਿੱਟਾ ਹੈ ਕਿ ਅਜ ਕਲ ਤੇਰਾਪੰਥ ਸਮਾਜ ਵਿਚ ਅਨੇਕਾਂ ਸੰਸਕ੍ਰਿਤ ਬੋਲਣ ਅਤੇ ਲਿਖਣ ਵਾਲੇ ਸਾਧੂ, ਸਾਧਵੀਆਂ ਹਨ। ਇਹ ਪਰਉਪਕਾਰ ਤੇਰਾ ਪੰਥ ਦੇ ਪ੍ਰਸਿਧ ਵਿਦਵਾਨ ਅਚਾਰਿਆ ਕਾਲੂ ਗਣੀ ਦਾ ਹੈ।

ਮੁਨੀ ਚੌਥ ਮਲ, ਮੁਨੀ ਕਾਨ ਮਲ, ਮੁਨੀ ਨੱਥ ਮਲ, ਮੁਨੀ ਨਥ ਮਲ (ਦੂਸਰਾ), ਮੁਨੀ ਧਨ ਰਾਜ, ਮੁਨੀ ਚੰਦਨ ਮੁਨੀ, ਮੁਨੀ ਸ਼੍ਰੀ ਡੁਗਰ ਮਲ ਜੀ ਮਹਾਰਾਜ (1) ਮੁਨੀ ਸ਼੍ਰੀ ਡੁਗਰ ਮਲ ਜੀ, ਮੁਨੀ ਸ਼੍ਰੀ ਸੋਹਨ ਲਾਲ ਜੀ, ਮੁਨੀ ਸ਼੍ਰੀ ਨਥਮਲ ਜੀ (ੲ) ਮੁਨੀ ਸ਼੍ਰੀ ਛਤਰ ਮਲ ਜੀ (ਅ) ਮੁਨੀ ਸ਼੍ਰੀ ਛਤੱਰ ਮਲ ਜੀ, ਮੁਨੀ ਦੁਲਾ ਚੰਦ ਜੀ, ਮੁਨੀ ਸ਼੍ਰੀ ਬੁੱਧ ਮਲ ਜੀ, ਮੁਨੀ ਸ਼੍ਰੀ ਪਦਮ ਚੰਦ ਜੀ, ਮੁਨੀ ਸ਼੍ਰੀ ਨਗ ਰਾਜ ਜੀ, ਮੁਨੀ ਸ਼੍ਰੀ ਧਨਰਾਜ ਜੀ, ਮੁਨੀ ਸ਼੍ਰੀ ਮੀਠਾ ਲਾਲ ਜੀ, ਮੁਨੀ ਸ਼੍ਰੀ ਚੰਪਾਲਾਲ ਜੀ, ਮੁਨੀ ਸ਼੍ਰੀ ਮਹੇਂਦਰ ਕੁਮਾਰ ਜੀ, ਮੁਨੀ ਸ਼੍ਰੀ ਮੋਹਨ ਲਾਲ ਜੀ ਸਾਦਲ, ਮੁਨੀ ਸ਼੍ਰੀ ਪੁਸ਼ਪ ਰਾਜ ਜੀ, ਮੁਨੀ ਸ਼੍ਰੀ ਮਾਗੀ ਲਾਲ ਜੀ, ਮੁਨੀ ਸ਼੍ਰੀ ਸੁਖ ਲਾਲ ਜੀ ਮੁਨੀ ਬੱਡ ਰਾਜ ਜੀ, ਮੁਨੀ ਸ਼੍ਰੀ ਰਾਕੇਸ਼ ਕੁਮਾਰ ਜੀ, ਮੁਨੀ ਸ਼੍ਰੀ ਚੰਦ ਜੀ, ਸਾਧਵੀ ਫੂਲਕਵਰ, ਸਾਧਵੀ ਮੋਹਨ ਕੁਮਾਰੀ, ਸਾਧਵੀ ਮਾਲੂ ਜੀ, ਸਾਧਵੀ ਜਤਨ ਕਵਰ ਜੀ ਸਾਧਵੀ ਮਾਨ ਕੰਵਰ, ਸਾਧਵੀ ਸੋਹਨ ਜੀ, ਸਾਧਵੀ ਮੰਜੂਲਾ ਜੀ, ਸਾਧਵੀ ਕਨਕਪ੍ਰਭਾ ਜੀ, ਸਾਧਵੀ ਕਾਨਕੰਵਰ ਜੀ, ਸਾਧਵੀ ਕਨਕ ਜੀ, ਸਾਧਵੀ ਸ਼੍ਰੀ ਯਸ਼ੋਧਰਾ, ਸਾਧਵੀ ਕਮਲ ਸ਼੍ਰੀ ਜੀ, ਸਾਧਵੀ ਸ਼੍ਰੀ ਸੁਨੇਹ ਕੁਮਾਰੀ ਜੀ ਆਦਿ ਦੇ ਨਾਂ ਪ੍ਰਸਿਧ ਹਨ। ਕਿਸੇ ਵੀ ਪਰੰਪਰਾ ਵਿਚ ਸ਼ਾਇਦ ਹੀ ਇਨੇ ਸੰਸਕ੍ਰਿਤ ਤੇ ਪ੍ਰਾਕ੍ਰਿਤ ਭਾਸ਼ਾਵਾਂ ਦੇ ਲੇਖਕਾਂ ਦੀ ਗਿਣਤੀ ਹੋਵੇ। ਅਸਲ ਵਿਚ ਤੇਰਾਪੰਥ ਦਾ ਸਾਹਿਤਿਕ ਯੁਗ ਆਚਾਰਿਆ ਕਾਲੂ ਗਣੀ ਤੋਂ ਸ਼ੁਰੂ ਹੁੰਦਾ ਹੈ।

ਆਪ ਦਾ ਸਵਰਗਵਾਸ ਸੰਵਤ 1993 ਭਾਦੋਂ ਸ਼ੁਕਲਾਂ 6 ਨੂੰ ਹੋਇਆ।

# ਕੁਝ ਪ੍ਰਮੁਖ ਤੇਰਾਪੰਥੀ ਵਿਦਵਾਨ

# ਸਾਧੂ ਸਾਧਵੀ ਦੇ ਸ਼ੁਭ ਨਾਂ

●

1. ਅਚਾਰਿਆ ਸ੍ਰੀ ਤੁਲਸੀ
2. ਸਵਾਚਾਰਿਆ ਸ੍ਰੀ ਨਥ ਮਲ
3. ਯਾਧਵੀ ਪ੍ਰਮੁਖਾ ਕਨਕ ਪ੍ਰਭਾ
4. ਮਾਤਾ ਬੰਦਨਾ ਜੀ
5. ਸ੍ਰੀ ਅਮੋਲਕ ਚੰਦ ਜੀ
6. ਸਾਧਵੀ ਸ੍ਰੀ ਦੀਪਾ ਜੀ
7. ਸਾਧਵੀ ਸ੍ਰੀ ਚੁਣਾ ਜੀ
8. ਸਾਧਵੀ ਪਾਨ ਕੁਮਾਰੀ ਜੀ
9. ਸਾਧਵੀ ਸੁਖਦੇਵਾ ਜੀ
10. ਸਾਧੂ ਸ੍ਰੀ ਜੈ ਚੰਦ ਜੀ
11. ਮੁਨੀ ਰਾਵਤ ਮਲ ਜੀ
12. ਸ੍ਰੀ ਵਰਧਮਾਨ ਜੀ
13. ਮੁਨੀ ਸ੍ਰੀ ਗਣੇਸ਼ ਮਲ ਜੀ
14. ਸਾਧਵੀ ਸ਼ਿਰੇ ਕੁਮਾਰੀ ਜੀ
15. ਮੁਨੀ ਰੋਸ਼ਨ ਲਾਲ ਜੀ
16. ਸ੍ਰੀ ਸੁਮੇਰ ਮੁਨੀ ਜੀ
17. ਸਾਧਵੀ ਮੋਹਨਾ ਜੀ ਤਾਰਾਨਗਰ
18. ਸਾਧਵੀ ਮੋਹਨਾ ਜੀ ਡੂੰਗਰਗੜ੍ਹ
19. ਸਾਧਵੀ ਸੰਘ ਮਿਤਰਾ ਜੀ
20. ਸਾਧਵੀ ਸ੍ਰੀ ਸੁੰਦਰ ਜੀ
21. ਸਾਧਵੀ ਰਾਏ ਕੁੰਵਰ ਜੀ
22. ਸਾਧਵੀ ਕੰਚਨ ਕੁਮਾਰੀ ਜੀ
23. ਸਾਧਵੀ ਪਿਸਤਾ ਜੀ
24. ਸਾਧਵੀ ਮੋਹਨ ਜੀ (ਤਾਰਾਨਗਰ)
25. ਸਾਧਵੀ ਮੋਹਣਾ ਜੀ
26. ਸਾਧਵੀ ਰਤਨ ਕੁਮਾਰੀ ਜੀ
27. ਸਾਧਵੀ ਭੀਮ ਜੀ
28. ਸਾਧਵੀ ਨਗੀਨਾ ਜੀ
29. ਸਾਧਵੀ ਕਮਲ ਸ਼੍ਰੀ ਜੀ
30. ਮੁਨੀ ਸ੍ਰੀ ਵਿਸ਼ਧਾਰ
31. ਸਾਧਵੀ ਗੌਰਾਂ ਜੀ

# ਪੰਜਾਬ ਦੀ ਜੈਨ ਸਾਧਵੀ ਪਰੰਪਰਾ

ਜੈਨ ਧਰਮ ਦਾ ਇਕ ਪ੍ਰਮੁਖ ਸ਼ਬਦ ਹੈ ਸ੍ਰੀ ਸੰਘ। ਸ੍ਰੀ ਸੰਘ ਦੇ ਚਾਰ ਭਾਗ ਹਨ (1) ਸਾਧੂ (2) ਸਾਧਵੀ (3) ਉਪਾਸਿਕ (4) ਉਪਾਸਿਕਾ। ਹਰ ਤੀਰਥੰਕਰ ਕੇਵਲ ਗਿਆਨ ਤੋਂ ਬਾਅਦ ਸ੍ਰੀ ਸੰਘ ਦੀ ਸਥਾਪਨਾ ਕਰਦੇ ਹਨ। ਤੀਰਥੰਕਰ ਖੁਦ ਸੰਘ ਨੂੰ ਮਹਾਨ ਆਖਦੇ ਹਨ। ਸਾਧਵੀ, ਸ੍ਰੀ ਸੰਘ ਦਾ ਪ੍ਰਮੁਖ ਹਿੱਸਾ ਰਹੀ ਹੈ ਹਰ ਤੀਰਥੰਕਰ ਦੇ ਸਮੇਂ ਸਾਧੂਆਂ ਨਾਲੋਂ ਸਾਧਵੀਆਂ ਦੀ ਗਿਣਤੀ ਕਈ ਗੁਣਾ ਵਧ ਰਹੀ ਹੈ। ਇਹ ਪ੍ਰੰਪਰਾ ਹੁਣ ਵੀ ਚਲ ਰਹੀ ਹੈ। ਇਸ ਦਾ ਪ੍ਰਮੁਖ ਕਾਰਣ ਹੈ ਕਿ ਜੈਨ ਧਰਮ ਨੇ ਇਸਤਰੀ ਨੂੰ ਪੁਰਸ਼ ਦੇ ਬਰਾਬਰ ਧਾਰਮਿਕ ਅਜ਼ਾਦੀ ਦਿਤੀ। ਉਸ ਨੂੰ ਭੋਗ ਦੀ ਸਾਮੱਗਰੀ ਨਾ ਸਮਝਦੇ ਹੋਏ, ਉਸ ਨੂੰ ਮੁਕਤੀ ਦਾ ਅਧਿਕਾਰੀ ਬਣਾਇਆ।

ਜੈਨ ਧਰਮ ਵਿਚ ਇਸਤਰੀ ਮਾਂ, ਭੈਣ, ਪਤਨੀ, ਧੀ ਆਦਿ ਹੀ ਨਹੀਂ, ਉਹ ਤੀਰ-ਥੰਕਰ, ਸਰਵੱਗ, ਪਰਮਾਤਮਾ, ਗਿਆਨਦਾਤਾ ਹੈ। ਉਹ ਵੀ ਉਪਾਸਨਾ ਕਰਕੇ ਜਨਮ ਮਰਨ ਦਾ ਚੱਕਰ ਕਟ ਸਕਦੀ ਹੈ। ਆਰਥਿਕ ਤੇ ਰਾਜਨੈਤਿਕ ਸੁਤੰਤਰਤਾ ਨਾਲ ਸਿਰਫ਼ ਭੋਗ ਪ੍ਰਾਪਤ ਹੁੰਦਾ ਹੈ ਜੋ ਖਤਮ ਹੋਣ ਵਾਲੇ ਹਨ। ਸੱਚੀ ਅਜਾਦੀ ਅਤੇ ਸੱਚਾ ਸੁਖ ਅਧਿਆਤਮ ਵਿਚ ਹੈ। ਇਹੋ ਕਾਰਣ ਹੈ ਕਿ ਇਸਤਰੀਆਂ ਜੈਨ ਧਰਮ ਵਲ ਸਭ ਤੋਂ ਵੱਧ ਦੀਖਿਅਤ ਹਨ। ਭਗਵਾਨ ਮਹਾਵੀਰ ਨੇ ਮਾਤਾ ਲਈ ਦੇਵ, ਗੁਰੂ ਆਦਿ ਸ਼ਬਦ ਵਰਤਿਆ ਹੈ। ਉਪਾਸਕ ਦਸ਼ਾਂਗ ਸੂਤਰ ਵਿਚ ਇਸਤਰੀ ਨੂੰ ਧਰਮ ਸਹਾਇਕਾ, ਧਰਮ ਵੈਦ ਆਦਿ ਵਿਸ਼ੇਸ਼ਨਾਂ ਨਾਲ ਸਤਿਕਾਰਿਆ ਗਿਆ ਹੈ।

ਸਾਧਵੀ ਬਣ ਕੇ ਇਸਤਰੀ ਮਹਿਤਰਾ, ਪ੍ਰਵਰਤਨੀ ਆਦਿ ਪ੍ਰਮੁਖ ਪਦਵੀ ਪ੍ਰਾਪਤ ਕਰ ਸਕਦੀ ਹੈ। ਤੀਰਥੰਕਰ ਦੀ ਮਾਤਾ ਦਾ ਸਤਿਕਾਰ ਜੈਨ ਗ੍ਰੰਥਾਂ ਅਨੁਸਾਰ ਖੁਦ ਸਵਰਗ ਦਾ ਇੰਦਰ ਕਰਦਾ ਹੈ।

## ਪੰਜਾਬੀ ਪਰੰਪਰਾ—

ਪੰਜਾਬ ਦੀ ਸਾਧਵੀ ਪਰੰਪਰਾ ਇਤਿਹਾਸ ਦੇ ਕਾਲ ਵਿਚ ਮਿਥੀ ਨਹੀਂ ਜਾ ਸਕਦੀ। ਪਹਿਲੇ ਤੀਰਥੰਕਰਾਂ ਦੀਆਂ ਦੋਵੇਂ ਪੁਤਰੀਆਂ ਨੇ ਜੈਨ ਸਾਧਵੀਆਂ ਬਣ ਕੇ ਪੰਜਾਬ, ਕਸ਼ਮੀਰ, ਗੰਧਾਰ ਤਕ ਧਰਮ ਪ੍ਰਚਾਰ ਕੀਤਾ। ਗੰਧਾਰ ਦੇ ਰਾਜਾ ਬਾਹੁਬਲੀ ਨੂੰ ਧਰਮ ਵਿਚ ਸਥਾਪਿਤ ਕਰਨ ਵਾਲੀਆਂ ਇਹ ਦੋਵੇਂ ਭੈਣਾਂ ਸਨ ਬ੍ਰਹਮੀ ਤੇ ਸੁੰਦਰੀ। ਬ੍ਰਹਮੀ ਨੇ ਬ੍ਰਹਮੀ ਲਿਪੀ

ਚਾਲੂ ਕੀਤੀ । ਸੁੰਦਰੀ ਨੇ ਬੀਜ ਗਣਿਤ ਦੀ ਸਿਖਿਆ ਆਪਣੇ ਪਿਤਾ ਤੋਂ ਪ੍ਰਾਪਤ ਕੀਤੀ । ਜਦੋਂ ਬਾਹੂਬਲੀ ਤਕਸ਼ਿਲਾ ਵਿਖੇ ਖੜੇ ਤਪ ਕਰ ਰਹੇ ਸਨ । ਉਨ੍ਹਾਂ ਨੂੰ ਕੇਵਲ ਗਿਆਨ ਪ੍ਰਾਪਤ ਨਹੀਂ ਹੋ ਰਿਹਾ ਸੀ । ਉਸ ਸਮੇਂ ਭਗਵਾਨ ਰਿਸ਼ਭ ਦੇਵ ਜੀ ਦੀ ਪ੍ਰੇਰਣਾ ਨਾਲ ਦੋਵੇਂ ਭੈਣਾਂ ਅਯੋਧਿਆ ਤੋਂ ਤਕਸ਼ਿਲਾ ਗਈਆਂ । ਦੋਹਾਂ ਸਾਧਵੀਆਂ ਦੀ ਪ੍ਰੇਰਣਾ ਨਾਲ ਬਾਹੂਬਲੀ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ । ਭਗਵਾਨ ਕੁੰਥੂ ਨਾਥ, ਸ਼ਾਂਤੀ ਨਾਥ ਤੇ ਅਰਹ ਨਾਥ ਦੀਆਂ ਲੱਖਾਂ ਸਾਧਵੀਆਂ ਨੇ ਇਥੇ ਧਰਮ ਪ੍ਰਚਾਰ ਕੀਤਾ ।

19ਵੇਂ ਤੀਰਥੰਕਰ ਭਗਵਾਨ ਮੱਲੀ ਨਾਥ ਖੁਦ ਇਸਤਰੀ ਸਨ । ਜਿਨ੍ਹਾਂ ਦਾ 24 ਤੀਰਥੰਕਰਾਂ ਵਿਚ ਇਕ ਸਥਾਨ ਹੈ । ਇਸਤਰੀ ਦੀ ਇਜੱਤ ਦੀ ਐਸੀ ਬੜੀ ਉਦਾਹਰਨ ਕਿਸੇ ਹੋਰ ਧਰਮ ਵਿਚ ਨਹੀਂ ਮਿਲ ਸਕਦੀ ਜਿਥੇ ਇਸਤਰੀ ਧਰਮ ਸੰਸਥਾਪਿਕਾ ਰਹੀ ਹੋਵੇ ।

22ਵੇਂ ਤੀਰਥੰਕਰ ਨੇਮੀਨਾਥ ਦੇ ਭਰਾ ਨੂੰ ਸਿਧੇ ਰਾਹ ਪਾਉਣ ਵਾਲੀ ਰਾਜੁਲ ਦਾ ਜੈਨ ਇਤਿਹਾਸ ਵਿਚ ਮਹਾਨ ਸਥਾਨ ਹੈ ।

ਅਚਾਰਿਆ ਸਥੂਲੀਭੱਦਰ ਦੀਆਂ 7 ਭੈਣਾਂ ਨੇ ਦੀਖਿਆ ਲੈ ਕੇ ਜੈਨ ਧਰਮ ਦਾ ਚਹੁ ਪਾਸੇ ਪ੍ਰਚਾਰ ਕੀਤਾ । ਅਚਾਰੀਆ ਹਰੀਭੱਦਰ ਨੂੰ ਜੀਵਨ ਰਾਹ ਪ੍ਰਦਾਨ ਕਰਨ ਵਾਲੀ ਯਾਕਨੀ ਮਹਿਤਰਾਦਾ ਅਪਣਾ ਸਥਾਨ ਹੈ । 1444 ਗ੍ਰੰਥਾਂ ਦੇ ਲੇਖਕ ਹਰੀ ਭੱਦਰ ਇਸ ਸਾਧਵੀ ਨੂੰ ਆਪਣੀ ਮਾਤਾ ਆਖਦੇ ਸਨ ।

ਪੰਜਾਬੀ ਸਥਾਨਕਵਾਸੀ ਪਰੰਪਰਾ ਨੂੰ ਪੰਜਾਬ ਵਿਚ ਮੁੜ ਸੁਰਜੀਤ ਕਰਨ ਵਾਲੀ ਸੁਨਾਮ ਦੀ ਇਕ ਮਹਾਨ ਸਾਧਵੀ ਸੀ । ਪੁਰਸ਼ ਪ੍ਰਧਾਨ ਭਾਰਤੀ ਸਮਾਜ ਹੋਣ ਕਾਰਨ, ਸਾਧਵੀਆਂ ਦੀ ਕੋਈ ਪੁਰਾਤਨ ਪੱਟਾਵਲੀਆਂ ਨਹੀਂ, ਇਤਿਹਾਸ ਨਹੀਂ । ਮੱਧਕਾਲ ਵਿਚ ਕੁਝ ਸਾਧਵੀਆਂ ਦਾ ਜ਼ਿਕਰ ਮਿਲਦਾ ਹੈ । ਅਜ ਵੀ ਭਾਰਤ ਜੈਨ ਸ਼ਾਸਤਰ ਭੰਡਾਰਾਂ ਵਿਚ ਅਨੇਕਾਂ ਸਾਧਵੀਆਂ ਰਾਹੀਂ ਲਿਖੇ ਸ਼ਾਸਤਰ ਅਤੇ ਸੁਤੰਤਰ ਗ੍ਰੰਥ ਅਣਛਪੇ ਪਏ ਹਨ ।

ਇਹ ਸਾਰਾ ਇਤਿਹਾਸ 400 ਸਾਲ ਦਾ ਹੈ । ਜਿਸ ਨੂੰ ਸ੍ਰੀ ਸੁਮਨ ਮੁਨੀ ਜੀ ਮਹਾਰਾਜ ਨੇ ਬੜੀ ਮੇਹਨਤ ਨਾਲ ਸੰਗ੍ਰਹਿਤ ਕੀਤਾ ਹੈ । ਤਪਗੱਛ ਵਾਰੇ ਪੰ. ਹੀਰਾ ਲਾਲ ਦੁਗੜ ਨੇ ਕੁਝ ਸਾਧਵੀਆਂ ਦੀ ਜਾਣਕਾਰੀ ਦਿਤੀ ਹੈ । ਖਰਤਰ ਗੱਛ ਦੀ ਇਕ ਸਾਧਵੀ ਦਾ ਜਿਕਰ ਸ੍ਰੀ ਅਗਰਚੰਦ ਨਾਹਟਾ ਨੇ ਕੀਤਾ ਹੈ । ਜਿਸਨੇ ਬਠਿੰਡਾ ਦੇ ਉਪਾਸਕਾਂ ਦੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਸਨ ।

## (ੳ) ਖ਼ੁਬਾ ਜੀ

- ਹੀਰਾ ਜੀ
- ਦੀਪੋ ਜੀ
- ਮੂਲਾ ਜੀ
  - ਬੋਥੜੀ ਜੀ
  - ਤਾਬੋ ਜੀ
  - ਮੱਲੋ ਜੀ
    - ਚੰਪਾ ਜੀ
      - ਆਸ਼ਾ ਜੀ
      - ਨਿਹਾਲ ਦੇਵੀ (ਨੰਦ ਕੌਰ)
        - ਚਮੇਲੀ ਜੀ
        - ਵਿਨੈ ਵੰਤੀ
        - ਪਰਮੇਸ਼ਵਰੀ
      - ਗੰਗੋ ਜੀ
    - ਪਾਰਵਤੀ ਜੀ
- ਆਸ਼ਾ ਦੇਵੀ
- ਨਿਹਾਲ ਦੇਵੀ

## (ਅ) ਸਾਧਵੀ ਖੰਡੀ ਜੀ ਦੀ ਪ੍ਰੰਪਰਾ

- ਮਲਾਵੀ ਜੀ
  - ਲਾਜਵੰਤੀ
  - ਜੈਅੰਤੀ
  - ਨਮੀ ਜੀ
  - ਪਰਜੀ
- ਪਰਜੀ ਜੀ
- ਮਾਇਆ ਦੇਵੀ

ਵਰਤਮਾਨ ਜੈਨ ਸਾਧਵੀ ਪ੍ਰੰਪਰਾ ਸਥਾਨਕਵਾਸੀ ਨਾਲ ਜ਼ਿਆਦਾ ਸੰਬੰਧਿਤ ਹੈ। ਅਜ ਕਲ ਸਾਧਵੀ ਚੰਪਾ ਅਤੇ ਪਾਰਵਤੀ ਜੀ ਮਹਾਰਾਜ ਦੀ ਪ੍ਰੰਪਰਾ ਹੈ।

## ਸਾਧਵੀ ਸ੍ਰੀ ਪਾਰਵਤੀ ਜੀ

- ਸ੍ਰੀ ਜੀਵੀ ਜੀ
  - ਬਸੰਤੀ ਜੀ
  - ਨਿਹਾਲੀ ਜੀ
- ਸ੍ਰੀ ਕਰਮੋ ਜੀ
  - ਚੰਦਨਬਾਲਾ ਜੀ
- ਸ੍ਰੀ ਭਗਵਾਨ ਦੇਵੀ ਜੀ
  - ਮਥਰਾ ਜੀ
- ਸ੍ਰੀ ਰਾਜਮਤੀ ਜੀ
  - ਹੀਰਾ ਦੇਵੀ ਜੀ

ਪੂਰਨ ਦੇਵੀ ਜੀ
ਦਰੋਪਦਾ ਜੀ
ਲਕਸ਼ਮੀ ਜੀ

ਪੰਨਾ ਦੇਵੀ ਜੀ
ਚੰਦਾ ਜੀ
ਮਾਣਕ ਦੇਵੀ
ਰਤਨ ਦੇਵੀ ਜੀ
ਈਸ਼ਰਾ ਦੇਵੀ ਜੀ
ਰਾਧਾ ਜੀ

ਸ੍ਰੀ ਮਥਰਾ ਜੀ

- ਸਾਧਵੀ ਜਮੁਨਾ ਜੀ
  - ਭਗਵਤੀ ਜੀ
  - ਜੈ ਮਾਲਾ ਜੀ
- ਮਾਨ ਕੌਰ ਜੀ
- ਪਰਮੇਸ਼ਰੀ ਜੀ

ਦਰੋਪਦਾ ਜੀ

- ਧਨ ਦੇਵੀ ਜੀ
- ਮੋਹਨ ਦੇਵੀ ਜੀ
- ਸੋਮਾ ਜੀ
- ਹੇਮ ਦੇਵੀ ਜੀ

ਸ੍ਰੀ ਧਨ ਦੇਵੀ ਜੀ


- ਸ਼ੀਤਲ ਮਤੀ ਜੀ
  - ਕੈਲਾਸ਼ ਵਤੀ ਜੀ
- ਮਨੋਹਰ ਮਤੀ ਜੀ
  - ਸੁਦਰਸ਼ਨਾ ਜੀ
    - ਫੂਲ ਵਤੀ ਜੀ
  - ਤਿਲਕਾ ਜੀ
  - ਜਗਦੀਸ਼ ਮਤੀ ਜੀ
    - ਕ੍ਰਿਸ਼ਨਾ ਜੀ
      - ਪ੍ਰਕਾਸ਼ ਵਤੀ ਜੀ
    - ਇੰਦਰਾਂ ਜੀ
    - ਕਮਲ ਸ੍ਰੀ ਜੀ
    - ਸੰਤੋਸ਼ ਜੀ
- ਧਰਮਵਤੀ ਜੀ
- ਲੋਚਨਵਤੀ ਜੀ

## ਸ੍ਰੀ ਕੈਲਾਸ਼ ਵਤੀ ਜੀ


- ਚੰਦਰ ਪ੍ਰਭਾ ਜੀ
- ਸ਼ਸ਼ੀ ਪ੍ਰਭਾ ਜੀ
  - ਸ਼ੋਭਾ ਜੀ
- ਕੁਸਮ ਪ੍ਰਭਾ ਜੀ
- ਓਮ ਪ੍ਰਭਾ ਜੀ
  - ਅਚਲ ਕੁਮਾਰੀ ਜੀ

## ਸ੍ਰੀ ਮੋਹਨ ਦੇਵੀ ਜੀ

- ਵਿਮਲ ਵਤੀ ਜੀ
- ਰੋਸ਼ਨ ਵਤੀ ਜੀ
- ਰੁਕਮਨੀ ਜੀ
- ਰਾਜੇਸ਼ਵਰੀ ਜੀ




## ਸ੍ਰੀ ਰਾਜਮਤੀ ਜੀ ਜੀ ਪ੍ਰੰਪਰਾ




ਸ੍ਰੀਮਤੀ ਜੀ ਦੀ ਚੇਲੀ ਹਾਕਮ ਦੇਵੀ ਅਤੇ ਉਨ੍ਹਾਂ ਦੀ ਚੇਲੀ ਲੱਜਾ ਵਤੀ ਸਨ। ਲੱਜਾਵਤੀ ਦੀਆਂ ਚਾਰ ਚੇਲੀਆਂ ਹਨ : (1) ਦਿਆਵਤੀ ਜੀ (2) ਅਭੈ ਕੁਮਾਰੀ ਜੀ (3) ਚੰਪਾ ਜੀ (4) ਦੀਪ ਮਾਲਾ ਜੀ। ਅਭੈ ਕੁਮਾਰੀ ਜੀਆਂ ਦੀ ਚੇਲੀਆਂ ਸ਼ਾਂਤੀ ਅਤੇ ਪਦਮਾ ਹਨ। ਸ਼ਾਂਤੀ ਦੀ ਚੇਲੀ ਕਾਂਤਾ ਹੈ।

ਧਨ ਦੇਵੀ ਦੀਆਂ ਦੋ ਚੇਲੀਆਂ ਗੁਣ ਮਾਲਾ ਅਤੇ ਸੁਭਾਗ ਵਤੀ ਸਨ। ਇਸ ਦੀਆਂ